# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043254, 5043256

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ), ਪੰਜਾਬ
2. ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਪੰਜਾਬ (ਵੈਬਸਾਈਟ ਰਾਹੀਂ)
3. ਰਾਜ ਦੇ ਸਮੂਹ ਸੀਨੀਅਰ ਸੈਕੰਡਰੀ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ:ਡਿ.ਐਸ.ਪੀ.ਡੀ/ਰਮਸਅ/2010/**R054114**
ਮਿਤੀ, ਚੰਡੀਗੜ੍ਹ : 14-09-2010

ਵਿਸ਼ਾ:- ਤੰਬਾਕੂ ਮੁਕਤ ਸਕੂਲ/ਵਿੱਦਿਅਕ ਸੰਸਥਾਵਾਂ ਨੂੰ ਤੰਬਾਕੂ ਮੁਕਤ ਕਰਨ ਹਿੱਤ ਦਿਸ਼ਾ ਨਿਰਦੇਸ਼।

ਹਵਾਲਾ:- **MHRD-GOI, Department of School Education & Literacy, D.O No.**6-24/2008-**Sch.6, Date 08-06-2009 & D.O.No. 6-24/2008-Sch.6, Date 15th June, 2010.**

ਉਪਰੋਕਤ ਵਿਸ਼ੇ ਦੇ ਹਵਾਲੇ ਵੱਲ ਧਿਆਨ ਦਿਵਾਉਂਦੇ ਲਿਖਿਆ ਜਾਂਦਾ ਹੈ ਕਿ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਤੰਬਾਕੂ ਮੁਕਤ ਸਕੂਲ/ਸਿੱਖਿਆ ਸੰਸਥਾਵਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

1. ਸਕੂਲ/ਸੰਸਥਾ ਦੇ ਮੁੱਖ ਗੇਟ ਕੋਲ ਬਾਹਰੀ ਦੀਵਾਰ ਤੇ "ਤੰਬਾਕੂ ਮੁਕਤ ਸਕੂਲ " ਜਾਂ "ਤੰਬਾਕੂ ਮੁਕਤ ਸੰਸਥਾ "ਦਾ ਬੋਰਡ ਲਗਾਇਆ ਜਾਵੇ।
2. ਸਕੂਲ/ਵਿੱਦਿਅਕ ਸੰਸਥਾਵਾਂ ਦੇ ਅੰਦਰ ਅਤੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ ਦੀ ਮਨਾਹੀ ਹੋਵੇ ਅਤੇ ਇਸ ਸਬੰਧੀ ਜ਼ਰੂਰੀ ਸੰਕੇਤ (Signage) ਸਕੂਲ ਦੇ ਮੁੱਖ ਗੇਟ ਅਤੇ ਬਾਹਰੀ ਦੀਵਾਰਾਂ ਤੇ ਦਰਸਾਏ ਜਾਣ।
3. ਸਕੂਲ ਅਹਾਤੇ (ਕੈਂਪਸ) ਅੰਦਰ ਕੋਈ ਵੀ ਵਿਦਿਆਰਥੀ, ਅਧਿਆਪਕ, ਹੋਰ ਸਕੂਲ ਸਟਾਫ ਅਤੇ ਬਾਹਰੋਂ ਆਉਣ ਵਾਲੇ ਵਿਅਕਤੀ ਕਿਸੇ ਵੀ ਤੰਬਾਕੂ ਉਤਪਾਦ ਦਾ ਸੇਵਨ ਨਹੀਂ ਕਰੇਗਾ।

4. ਇਸ ਸਬੰਧੀ " No Smoking Area - Smoking Here is an Offence." "ਤੰਬਾਕੂਨੋਸ਼ੀ-ਮੁਕਤ ਖੇਤਰ - ਇੱਥੇ ਤੰਬਾਕੂਨੋਸ਼ੀ ਅਪਰਾਧ ਹੈ " ਦੇ 60X30 ਸੈ.ਮੀ ਦੇ ਸੰਕੇਤ ਬੋਰਡ ਸਕੂਲ ਅਹਾਤੇ ਦੇ ਅੰਦਰ ਦਰਸਾਏ ਜਾਣ।

5. ਤੰਬਾਕੂ ਦੇ ਸਿਹਤ ਉੱਤੇ ਪੈਂਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਹਿੱਤ ਸਕੂਲਾਂ ਦੇ ਅੰਦਰ ਪੋਸਟਰ ਲਗਾਏ ਜਾਣ ਅਤੇ ਵਿਦਿਆਰਥੀਆਂ ਨੂੰ ਵੀ ਇਸ ਕਾਰਜ ਲਈ ਪੋਸਟਰ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।

6. ਸਕੂਲ/ਸੰਸਥਾ ਦੇ ਪ੍ਰਿੰਸੀਪਲ/ਮੁੱਖੀ ਕੋਲ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਸੰਬੰਧੀ ਕਾਨੂੰਨ ਐਕਟ (COTPA 2003) ਦੀ ਕਾਪੀ ਕੋਲ ਹੋਣੀ ਚਾਹੀਦੀ ਹੈ। ਇਸ ਨੂੰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਵੈਬਸਾਈਟ **www.mohfw.nic.in** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

7. ਰਾਜ ਦੇ ਸਕੂਲ ਵਿੱਚ ਪਹਿਲਾਂ ਹੀ ਚੱਲ ਰਹੇ ਸਿਹਤ ਪ੍ਰੋਗਰਾਮਾਂ ਵਿੱਚ ਤੰਬਾਕੂ ਨਿਯੰਤਰਣ ਕਾਰਵਾਈਆਂ ਦੀ ਸ਼ਮੂਲੀਅਤ ਵੀ ਕੀਤੀ ਜਾਵੇ।

8. ਸਕੂਲ/ਸੰਸਥਾ ਦੀ ਸਟੇਸ਼ਨਰੀ ਉੱਤੇ ਤੰਬਾਕੂ-ਵਿਰੋਧੀ ਸਲੋਗਨ ਲਿਖੇ ਜਾਣ।

9. ਸਕੂਲ ਦੇ ਵਿਦਿਆਰਥੀਆਂ/ਅਧਿਆਪਕਾਂ/ਹੋਰ ਸਟਾਫ ਵੱਲੋਂ ਤੰਬਾਕੂ ਵਿਰੋਧੀ ਕੀਤੇ ਜਾ ਰਹੇ ਕੰਮਾਂ ਨੂੰ ਸਕੂਲ ਮੁੱਖੀ/ਪ੍ਰਿੰਸੀਪਲ ਦੁਆਰਾ ਉਤਸ਼ਾਹਿਤ ਕਰਦੇ ਹੋਏ ਸੰਬੰਧਤ ਵਿਅਕਤੀਆਂ ਨੂੰ ਪ੍ਰਸੰਸਾ ਪੱਤਰ ਜਾਂ ਐਵਾਰਡ ਦਿੱਤੇ ਜਾ ਸਕਦੇ ਹਨ।

10. ਰਾਜ ਸਿਹਤ ਵਿਭਾਗ ਦੇ ਰਾਜ ਨੋਡਲ ਅਫਸਰ ਨੂੰ ਤੰਬਾਕੂ-ਨਿਯੰਤਰਣ ਸਬੰਧੀ ਤਕਨੀਕੀ ਜਾਂ ਹੋਰ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਉਪਰੋਕਤ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**